Punjab Government Gazette

Published by Authority

No. 32] CHANDIGARH, FRIDAY, AUGUST 7, 2026 (SRAVANA 16, 1948 SAKA)

PART I

Punjab Government Notifications and Orders

ਦਫਤਰ ਸੁਪਰਡੈਂਟ, ਨਵੀਂ ਜਿਲ੍ਹਾ ਜੇਲ੍ਹ ਨਾਭਾ

E-mail ID: d.prisons.nabha@punjab.gov.in

ਲੈਂਡਲਾਈਨ ਫੋਨ ਨੰਬਰ: 01765-225419,01765-223701

ਹੁਕਮ

ਸ਼੍ਰੀ ਅਰਵਿੰਦ ਕੁਮਾਰ, ਨਵੀਂ ਜਿਲ੍ਹਾ ਜੇਲ੍ਹ ਨਾਭਾ ਨੂੰ ਮਿਤੀ 19-09-2018 ਤੋਂ ਹੁਣ ਤੱਕ ਡਿਊਟੀ ਤੋਂ ਗੈਰ ਹਾਜਰ ਰਹਿਣ ਦੇ ਦੋਸ਼ ਵਿੱਚ, ਇਸ ਦਫਤਰ ਦੇ ਪੱਤਰ ਨੰਬਰ 1048 ਏ ਮਿਤੀ 05-04-2019 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲ 1970 ਦੇ ਨਿਯਮ 8 ਅਧੀਨ (ਵੱਡੀਆਂ ਸਜਾਵਾਂ ਤਹਿਤ) ਚਾਰਜਸੀਟ ਜਾਰੀ ਕੀਤੀ ਗਈ ਸੀ। ਇਸ ਦਫਤਰ ਦੇ ਪੱਤਰ ਨੰਬਰ 1048 ਮਿਤੀ 05-04-2019 ਰਾਹੀਂ ਜਾਰੀ ਚਾਰਜਸੀਟ ਸ਼੍ਰੀ ਅਰਵਿੰਦ ਕੁਮਾਰ ਲਾਂਗਰੀ ਦੇ ਘਰ ਦੇ ਪਤੇ (ਪਿੰਡ ਅਤੇ ਡਾਕਖਾਨਾ ਬਾਬਾ ਬਕਾਲਾ ਸਾਹਿਬ, ਜਿਲ੍ਹਾ ਅੰਮ੍ਰਿਤਸਰ ਵਿਖੇ ਭੇਜੀ ਗਈ ਸੀ, ਪ੍ਰੰਤੂ ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ, ਨਵੀਂ ਜਿਲ੍ਹਾ ਜੇਲ੍ਹ ਨਾਭਾ ਦੇ ਭਰਾ ਸ਼੍ਰੀ ਅਰੁਣ ਕੁਮਾਰ ਪੁੱਤਰ ਸ਼੍ਰੀ ਗੋਪਾਲ ਦਾਸ, ਵਾਸੀ ਪਿੰਡ ਅਤੇ ਡਾਕਖਾਨਾ ਬਾਬਾ ਬਕਾਲਾ ਸਾਹਿਬ ਜਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਲਿਖਤੀ ਰਿਪੋਰਟ ਕੀਤੀ ਗਈ ਕਿ ਉਸਦਾ ਭਰਾ ਅਰਵਿੰਦ ਕੁਮਾਰ ਪੁੱਤਰ ਸ਼੍ਰੀ ਗੋਪਾਲ ਦਾਸ ਵਿਦੇਸ਼ ਜਰਮਨ ਵਿਖੇ ਰਹਿ ਰਿਹਾ ਹੈ ਅਤੇ ਉੱਥੇ ਹੀ ਸੈਟਲ ਹੈ, ਉਸਨੇ ਹੁਣ ਨੌਕਰੀ ਤੇ ਵਾਪਿਸ ਨਹੀਂ ਆਉਣਾ। ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ, ਨਵੀਂ ਜਿਲ੍ਹਾ ਜੇਲ੍ਹ ਨਾਭਾ ਵੱਲੋਂ ਚਾਰਜਸ਼ੀਟ ਦਾ ਕੋਈ ਜਾਵਬ ਇਸ ਦਫਤਰ ਨੂੰ ਨਹੀਂ ਭੇਜਿਆ।

ਇਸ ਉਪਰੰਤ ਇਸ ਦਫਤਰ ਦੇ ਪੱਤਰ ਪਿੱਠ ਅੰਕਣ ਨੰਬਰ 2991 ਮਿਤੀ 09-09-2021 ਰਾਹੀਂ ਇਸ ਕੇਸ ਦੇ ਤੱਥਾਂ ਦੀ ਡੂੰਘਾਈ ਨਾਲ ਰੈਗੂਲਰ ਪੜਤਾਲ ਕਰਵਾਉਣ ਲਈ ਸ਼੍ਰੀ ਗੁਰਪ੍ਰੀਤ ਸਿੰਘ, ਡਿਪਟੀ ਸੁਪਰਡੈਂਟ (ਐਡਮਨਿਸਟ੍ਰੇਸਨ) ਜਿਲ੍ਹਾ ਜੇਲ੍ਹ ਨਾਭਾ ਹਾਲ ਸੁਪਰਡੈਂਟ ਬੋਰਸਟਲ ਜੇਲ੍ਹ ਲੁਧਿਆਣਾ ਨੂੰ ਬਤੌਰ ਇੰਨਕੁਆਰੀ ਅਫਸਰ ਅਤੇ ਸਰਕਾਰ ਦੀ ਤਰਫਦਾਰੀ ਲਈ ਸ਼੍ਰੀ ਸੰਜੀਵ ਕੁਮਾਰ ਜੋਸ਼ੀ, ਸੀਨੀਅਰ ਸਹਾਇਕ, ਜਿਲ੍ਹਾ ਜੇਲ੍ਹ ਨਾਭਾ ਨੂੰ ਬਤੌਰ ਪੇਸ਼ ਕਰਤਾ ਅਫਸਰ ਨਿਯੁਕਤ ਕੀਤਾ ਗਿਆ ਸੀ।

ਸ਼੍ਰੀ ਗੁਰਪ੍ਰੀਤ ਸਿੰਘ, ਇੰਨਕੁਆਰੀ ਅਫਸਰ-ਕਮ-ਡਿਪਟੀ ਸੁਪਰਡੈਂਟ (ਐਡਮਨਿਸ਼ਟ੍ਰੇਸ਼ਨ) ਜਿਲ੍ਹਾ ਜੇਲ੍ਹ ਨਾਭਾ ਹਾਲ ਸੁਪਰਡੈਂਟ ਬੋਰਸਟਲ ਜੇਲ੍ਹ ਲੁਧਿਆਣਾ ਵੱਲੋਂ ਪੱਤਰ ਨੰਬਰ 3718 ਮਿਤੀ 26-12-2022 ਰਾਹੀਂ ਇੰਨਕੁਆਰੀ ਰਿਪੋਰਟ ਮੁਕੰਮਲ ਕਰਕੇ ਇਸ ਦਫਤਰ ਨੂੰ ਭੇਜੀ ਗਈ, ਇੰਨਕੁਆਰੀ ਰਿਪੋਰਟ ਵਾਚਣ ਉਪਰੰਤ ਪਾਇਆ ਗਿਆ ਕਿ ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ, ਨਵੀਂ ਜਿਲ੍ਹਾ ਜੇਲ੍ਹ ਨਾਭਾ ਵਿਰੁੱਧ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ ਸਿੱਧ ਹੁੰਦੇ ਹਨ। ਇਸ ਲਈ ਸ਼੍ਰੀ ਅਰਵਿੰਦ ਕੁਮਾਰ ਲਾਂਗਰੀ ਨੂੰ ਇਸ ਦਫਤਰ ਦੇ ਪੱਤਰ ਨੰਬਰ 538-39 ਮਿਤੀ 03-02-2025 ਰਾਹੀਂ ਪੰਜਾਬ ਜੇਲ੍ਹ ਵਿਭਾਗ ਸਟੇਟ ਸਰਵਿਸਜ਼ (ਕਲਾਸ-3) ਐਗਜੈਕਟਿਵ ਰੂਲਜ਼ 1963 ਦੇ ਸੈਕਸ਼ਨ-15 ਅਤੇ ਪੰਜਾਬ ਜੇਲ੍ਹ ਵਿਭਾਗ ਐਗਜੈਕਟਿਵ ਸਟਾਫ (ਸਜ਼ਾ ਅਤੇ ਅਪੀਲ) 1943 ਦੇ ਰੂਲਜ਼ 3, ਪੰਜਾਬ ਸਿਵਲ ਸਰਵਿਸਜ਼ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਰੂਲ 8 ਪੜਦੇ ਹੋਏ ਪਾਰਟ-3 ਦੇ ਰੂਲ 5 ਵਿੱਚ ਦਿੱਤੀਆ ਹੋਈਆ ਸਜਾਵਾਂ ਵਿੱਚੋ ਰੂਲ 5 ਤੋਂ 9 ਅਧੀਨ ਦਿੱਤੀਆਂ ਸਜਾਵਾ ਵਿੱਚੋ ਕੋਈ 01 ਸਜ਼ਾਂ ਦੇਣ ਦੀ ਤਜਵੀਜ ਹਿੱਤ ਸ਼ੋ ਕਾਜ

ਨੋਟਿਸ ਜਾਰੀ ਕਰਦੇ ਹੋਏ 15 ਦਿਨਾਂ ਦੇ ਅੰਦਰ ਅੰਦਰ ਸ਼ੋ ਕਾਜ ਨੋਟਿਸ ਦਾ ਜਵਾਬ ਦੇਣ ਲਈ ਲਿਖਿਆ ਗਿਆ, ਪ੍ਰੰਤੂ ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ, ਨਵੀਂ ਜਿਲ੍ਹਾ ਜੇਲ੍ਹ ਨਾਭਾ ਵੱਲੋਂ ਜਾਰੀ ਸੋ ਕਾਜ ਨੋਟਿਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।

ਸਮਰੱਥ ਅਥਾਰਟੀ ਵੱਲੋਂ ਕੁਦਰਤੀ ਨਿਆਂ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ, ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ ਨੂੰ ਆਖਰੀ ਮੌਕਾ ਦਿੰਦੇ ਹੋਏ ਇਸ ਦਫਤਰ ਦੇ ਪੱਤਰ ਨੰਬਰ 528 ਮਿਤੀ 21-01-2026 ਰਾਹੀਂ The Tribune (ਪੰਜਾਬ ਚੰਡੀਗੜ੍ਹ) ਅੰਗਰੇਜੀ ਵਿੱਚ ਅਤੇ ਰੋਜਾਨਾ ਸਪੋਕਸਮੈਨ (ਪੰਜਾਬ ਚੰਡੀਗੜ੍ਹ) ਪੰਜਾਬੀ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਗਿਆ ਅਤੇ ਸ਼੍ਰੀ ਅਰਵਿੰਦ ਲਾਂਗਰੀ ਪੁੱਤਰ ਸ਼੍ਰੀ ਗੋਪਾਲ ਦਾਸ ਵਾਸੀ ਮਕਾਨ ਨੰ: 23 ਤਹਿਸੀਲ ਕੰਪਲੈਕਸ ਬਾਬਾ ਬਕਾਲਾ, ਪਿੰਡ ਤੇ ਡਾਕਖਾਨਾ ਬਾਬਾ ਬਕਾਲਾ, ਜਿਲ੍ਹਾ ਅੰਮ੍ਰਿਤਸਰ ਸਾਹਿਬ ਨੂੰ ਆਪਣਾ ਸਫਾਈ ਪੱਖ ਪੇਸ਼ ਕਰਨ ਲਈ ਆਖਰੀ ਮੌਕਾ ਦਿੰਦੇ ਹੋਏ, ਸ਼੍ਰੀ ਅਰਵਿੰਦ ਕੁਮਾਰ ਲਾਂਗਰੀ ਅਤੇ ਉਸਦੇ ਆਮ ਖਾਸ ਰਿਸਤੇਦਾਰਾਂ ਨੂੰ ਸੂਚਿਤ ਕੀਤਾ ਗਿਆ ਕਿ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ ਅੰਦਰ ਪੇਸ਼ ਹੋ ਕੇ ਲਿਖਤੀ ਰੂਪ ਵਿੱਚ ਸਮਰੱਥ ਅਥਾਰਟੀ ਨੂੰ ਆਪਣਾ ਪੱਖ ਪੇਸ਼ ਕੀਤਾ ਜਾਵੇ, ਮਿੱਥੇ ਸਮੇਂ ਦੇ ਅੰਦਰ ਸਫਾਈ ਪੱਖ ਪੇਸ਼ ਨਾ ਕਰਨ ਤੇ ਇਕਤਰਫਾ ਕਾਰਵਾਈ ਕਰਦੇ ਹੋਏ ਪੰਜਾਬ ਸਿਵਲ ਸਰਵਿਸਜ ਸਜ਼ਾ ਅਤੇ ਅਪੀਲ ਰੂਲਜ਼ 1970 ਦੇ ਰੂਲ 08 ਅਧੀਨ (ਵੱਡੀਆਂ ਸਜਾਵਾਂ ਤਹਿਤ) ਕਾਰਵਾਈ ਕਰਦੇ ਹੋਏ ਸਮਰੱਥ ਅਥਾਰਟੀ ਵੱਲੋਂ ਸੇਵਾਵਾਂ ਖਤਮ ਕਰਨ ਸਬੰਧੀ ਆਖਰੀ ਹੁਕਮ ਪਾਸ ਕਰ ਦਿੱਤੇ ਜਾਣਗੇ, ਪ੍ਰੰਤੂ ਸ਼੍ਰੀ ਅਰਵਿੰਦ ਕੁਮਾਰ ਲਾਂਗਰੀ ਅਤੇ ਉਸਦੇ ਆਮ ਖਾਸ ਰਿਸਤੇਦਾਰਾਂ ਵੱਲੋਂ ਅਖਬਾਰ ਵਿੱਚ ਨੋਟਿਸ ਜਾਰੀ ਹੋਣ ਦੇ 03 ਮਹੀਨੇ ਬੀਤ ਜਾਣ ਦੇ ਬਾਵਜੂਦ ਆਪਣਾ ਸਫਾਈ ਪੱਖ ਪੇਸ਼ ਨਹੀਂ ਕੀਤਾ। ਇਸ ਲਈ ਸਮਰੱਥ ਅਥਾਰਟੀ ਪਾਸ ਕਰਮਚਾਰੀ ਨੂੰ ਐਕਸ-ਪਾਰਟੀ ਕਰਦੇ ਹੋਏ ਇੱਕ-ਤਰਫਾ ਫੈਸਲਾ ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਿਹਾ ਹੈ।

ਉਪਰੋਕਤ ਦਰਸਾਏ ਗਏ ਤੱਥਾਂ ਅਤੇ ਹਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲ 1970 ਦੇ ਨਿਯਮ 5 ਅਧੀਨ v ਤੋਂ ix ਵਿੱਚ ਦਰਸਾਈਆਂ ਵੱਡੀਆਂ ਸਜਾਵਾਂ ਦੇ ਲੜੀ ਨੰ: ix ਅਨੁਸਾਰ ਸ਼੍ਰੀ ਅਰਵਿੰਦ ਕੁਮਾਰ, ਲਾਂਗਰੀ ਪੁੱਤਰ ਸ਼੍ਰੀ ਗੋਪਾਲ ਦਾਸ ਵਾਸੀ ਮਕਾਨ ਨ: 23 ਤਹਿਸੀਲ ਕੰਪਲੈਕਸ ਬਾਬਾ ਬਕਾਲਾ, ਪਿੰਡ ਤੇ ਡਾਕਖਾਨਾ ਬਾਬਾ ਬਕਾਲਾ, ਜਿਲ੍ਹਾ ਅੰਮ੍ਰਿਤਸਰ ਸਾਹਿਬ ਨੂੰ ਸਰਕਾਰੀ ਨੌਕਰੀ ਤੋਂ ਬਰਖਾਸਤ (ਡਿਸਮਿਸ) ਕੀਤਾ ਜਾਂਦਾ ਹੈ। ਇਸ ਨਾਲ ਹੀ ਕਰਮਚਾਰੀ ਦਾ ਗੈਰ ਹਾਜ਼ਰੀ ਦਾ ਸਮਾਂ No Work No Pay ਵਿੱਚ ਤਸੱਵਰ ਕੀਤਾ ਜਾਂਦਾ ਹੈ।

ਸਹੀ/-
ਸ਼੍ਰੀ ਇੰਦਰਜੀਤ ਸਿੰਘ ਕਾਹਲੋਂ (ਪੀ.ਪੀ.ਐੱਸ),
ਸੁਪਰਡੈਂਟ,
ਨਵੀਂ ਜਿਲ੍ਹਾ ਜੇਲ੍ਹ ਨਾਭਾ।

3790/8-2026/Pb. Govt. Press, S.A.S. Nagar